ਗੁਰਦੁਆਰਾ ਮਾਡਲ ਟਾਊਨ ਅਤੇ ਹੋਰ ਥਾਵਾਂ 'ਤੇ ਸ਼ਰਧਾ ਨਾਲ ਮਨਾਇਆ ਸ਼ਹੀਦੀ ਦਿਵਸ

ਜਲੰਧਰ, 17 ਜੂਨ (ਉਭੀ)- ਜਲੰਧਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਬੰਧੀ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਧਾਰਮਿਕ ਦਿਵਾਨ ਸਜਾਏ ਗਏ ਅਤੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ, ਗੁਰੂ ਕੇ ਲੰਗਰ ਵੀ ਅਤੁਟ ਚਲਾਏ ਗਏ। ਗੁਰਦੁਆਰਾ ਮਾਡਲ ਟਾਊਨ ਜਲੰਧਰ ਵਿਖੇ ਪ੍ਰਧਾਨ ਡਾ. ਮਨਦੀਪ ਸਿੰਘ ਸੇਠੀ ਦੇ ਪ੍ਰਬੰਧਾਂ ਹੇਠ ਹੋਏ ਸਮਾਗਮ ਵਿਚ ਇਸ ਗੁਰਦੁਆਰਾ ਸਾਹਿਬ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਵਿਧਾਇਕ ਸਰਬਜੀਤ ਸਿੰਘ ਮੱਕੜ, ਜ਼ਿਲ੍ਹਾ ਅਕਾਲੀ ਜਥੇ ਦੇ ਪ੍ਰਧਾਨ ਗੁਰਚਰਨ ਸਿੰਘ ਚੰਨੀ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਬਲਜੀਤ ਸਿੰਘ ਨੀਲਾ ਮਹਿਲ, ਸਿਟੀਜ਼ਨ ਬੈਂਕ ਦੇ ਸ੍ਰੀ ਕੇ. ਕੇ. ਸ਼ਰਮਾ, ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ, ਪਰਦੂਮਣ ਸਿੰਘ ਜੋਲੀ, ਤਰਲੋਚਨ ਸਿੰਘ ਟਾਇਰ ਹਾਊਸ, ਹਰਮੀਤ ਕੌਰ ਸੇਠੀ, ਅਮਰ ਕੌਰ ਭਸੀਨ, ਗੁਰਲੀਨ ਕੌਰ ਸੇਠੀ ਤੋਂ ਇਲਾਵਾ ਜੰਗਪਾਲ ਸਿੰਘ ਭਸੀਨ, ਡਾ. ਹੁਰੀਆ, ਡਾ. ਪੁਨੀਤ ਸਿੰਘ ਸੇਠੀ, ਡਾ. ਐਚ. ਐਸ. ਭਸੀਨ, ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ। ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਗੁਰਦੁਆਰੇ ਨੂੰ ਫਿਜਿਓਥਰੇਪੀ ਦੀ ਨਵੀਂ ਮਸ਼ੀਨ ਲਈ 42 ਹਜ਼ਾਰ ਰੁਪਏ ਮਦਦ ਦੇਣ ਵਾਲੇ ਮੋਹਣ ਸਿੰਘ ਅਤੇ ਗੁਰਬਖਸ਼ ਕੌਰ ਦੁਬਈ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸੇ ਦੌਰਾਨ ਲਾਇਲਪੁਰ ਖਾਲਸਾ ਕਾਲਜ ਵਿਚ ਕਮੇਟੀ ਪ੍ਰਧਾਨ ਬੀਬੀ ਬਲਬੀਰ ਕੌਰ ਦੀ ਅਗਵਾਈ ਹੇਠ ਗੁਰੂ ਕੇ ਲੰਗਰ ਅਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ। ਇਥੇ ਗੁਰਦੁਆਰਾ ਅਰਬਨ ਅਸਟੇਟ, ਗੁਰਦੁਆਰਾ ਗੁਰੂ ਤੇਗ ਬਹਾਦਰ ਨਗਰ, ਉਘੇ ਪਿੰਡ ਲੁਹਾਰਾ ਚਾਹੜਕੇ ਵਿਖੇ ਵੀ ਸ਼ਹੀਦੀ ਪੁਰਬ ਬੜੇ ਉਤਸ਼ਾਹ ਨਾਲ ਮਨਾਏ ਗਏ। ਇਥੇ ਭਾਈ ਸਤਨਾਮ ਸਿੰਘ ਭੋਜੋਵਾਲ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਸ. ਬਲਵਿੰਦਰ ਸਿੰਘ ਵੱਲੋਂ ਸੰਗਤਾਂ ਦੀ ਤਨ-ਮਨ ਨਾਲ ਸੇਵਾ ਕੀਤੀ ਗਈ। ਇਸੇ ਦੌਰਾਨ ਜ਼ਿਲ੍ਹਾ ਪ੍ਰਧਾਨ ਮਹਿਲਾ ਕਾਂਗਰਸ ਕਮੇਟੀ ਦਿਹਾਤੀ ਦੀ ਪ੍ਰਧਾਨ ਸਰਬਜੀਤ ਕੌਰ ਪਿੰਕੀ ਦੀ ਪ੍ਰਧਾਨਗੀ ਹੇਠ ਕਾਂਗਰਸ ਭਵਨ ਵਿਚ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ, ਜੋ ਕਿ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਸੀ। ਇਸ ਸਮੇਂ ਸਰਬਜੀਤ ਕੌਰ ਪਿੰਕੀ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਸ਼ਹੀਦੀ ਕਾਰਨ ਹੀ ਸਾਡੀ ਅਜ਼ਾਦੀ ਅਤੇ ਸਾਡੀ ਪਹਿਚਾਣ ਬਰਕਰਾਰ ਹੈ। ਨਹੀਂ ਤਾਂ ਉਸ ਸਮੇਂ ਦੇ ਜਹਾਂਗੀਰ ਵਰਗੇ ਅਨੇਕ ਜਾਲਮਾਂ ਨੇ ਸਾਡੀ ਹੋਂਦ ਖਤਮ ਕਰ ਦੇਣੀ ਸੀ। ਗੁਰੂ ਅਰਜਨ ਦੇਵ ਜੀ ਨੇ 30 ਮਈ 1606 ਈ. ਨੂੰ ਜੁਲਮ ਅਤੇ ਜਾਲਮ ਦੇ ਵਿਰੋਧ ਕਰਦੇ ਹੋਏ ਲਾਹੌਰ ਵਿਖੇ ਸ਼ਹਾਦਤ ਦਾ ਜਾਮ ਪੀ ਲਿਆ। ਇਸ ਮੌਕੇ 'ਤੇ ਅਮਰਜੀਤ ਕੌਰ ਪੁਰੇਵਾਲ, ਕਰਮਜੀਤ ਮਹੇ, ਬਲਵਿੰਦਰ ਕੌਰ ਲਾਲੀ, ਊਸ਼ਾ ਰਾਣੀ, ਰਣਜੀਤ ਕੌਰ ਆਦਿ ਹਾਜ਼ਰ ਸਨ।

ਭੀਖੀ (ਬਲਕਾਰ ਸਹੋਤਾ)- ਸ਼ਹੀਦਾਂ ਦੇ ਸਰਤਾਜ ਸ਼੍ਰੀ ਗੁਰੁ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉੱਤੇ ਅੱਜ ਵਾਰਡ ਨੰਬਰ 2 ਵਿੱਚ ਸਿੰਘ ਮੈਡੀਕਲ ਹਾਲ ਅਤੇ ਵਾਰਡ ਨਿਵਾਸੀਆਂ ਵੱਲੋਂ ਠੰਡੇ ਮਿੱਠੇ ਪਾਣੀ ਦੀ ਛਬੀਲ ਲਾਈ ਗਈ । ਇਸ ਮੌਕੇ ਰਾਜ ਮਾਰਗ 'ਤੇ ਗੁਜਰ ਰਹੇ ਯਾਤਰੀਆਂ ਦੇ ਵਹੀਕਲ ਰੋਕ ਕੇ ਨਿਮਰਤਾ ਸਹਿਤ ਜਲ ਛਕਾਇਆ ਗਿਆ। ਜਿਸ ਵਿੱਚ ਕਰਨੈਲ ਸਿੰਘ ਐੱਮ.ਸੀ., ਅਕਾਲੀ ਆਗੂ ਮਨਪ੍ਰੀਤ ਸਿੰਘ ਚਾਹਲ, ਡਾ. ਭੁਪਿੰਦਰ ਸਿੰਘ ਸਮਾਉਂ, ਡਾ. ਅਵਾਤਰ ਸਿੰਘ, ਸੰਜੀਵ ਕੁਮਾਰ, ਰਾਹੁਲ ਕੁਮਾਰ, ਸੱਤਪਾਲ ਸੱਤੂ, ਗਗਨਦੀਪ, ਮੱਖਣ ਹਾਜੀ, ਮਿੰਕੂ ਮਿੱਤਲ, ਰਾਜੀਵ ਕੁਮਾਰ ਆਦਿ ਨੇ ਤਨਦੇਹੀ ਨਾਲ ਸੇਵਾ ਕੀਤੀ। ਉਧਰ ਸਟੇਟ ਬੈਂਕ ਆਫ ਪਟਿਆਲਾ ਦੀ ਭੀਖੀ ਸ਼ਾਖਾ ਵੱਲੋਂ ਵੀ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਇਸ ਛਬੀਲ ਵਿੱਚ ਬੈਂਕ ਦੇ ਸਮੂਹ ਸਟਾਫ ਨੇ ਬੈਂਕ ਗ੍ਰਾਹਕਾਂ ਤੋਂ ਇਲਾਵਾ ਆਉਂਦੇ ਜਾਂਦੇ ਰਾਹਗੀਰਾਂ ਦੀ ਠੰਡੇ ਮਿੱਠੇ ਸ਼ਰਬਤ ਨਾਲ ਸੇਵਾ ਕੀਤੀ। ਬੈਂਕ ਦੇ ਖੇਤਰੀ ਦਫਤਰ ਤੋਂ ਆਏ ਅਫਸਰ ਸ਼੍ਰੀ ਐੱਸ.ਐੱਸ. ਢੋਲਾ ਨੇ ਗੁਰੂ ਸਾਹਿਬਾਨ ਜੀ ਦੀ ਸ਼ਹੀਦੀ 'ਤੇ ਚਾਨਣਾ ਪਾਇਆ ਅਤੇ ਬੈਂਕ ਪ੍ਰਬੰਧਕ ਸ਼੍ਰੀ ਕੇਵਲ ਗਰਗ ਨੇ ਨੇ ਬੈਂਕ ਦੀਆਂ ਵੱਖ ਵੱਖ ਜਮ੍ਹਾਂ ਅਤੇ ਕਰਜਾ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇੱਥੇ ਵਰਨਣਯੋਗ ਹੈ ਕਿ ਬੈਂਕ ਵੱਲੋਂ ਸਮੇਂ ਸਮੇਂ 'ਤੇ ਸਮਾਜ ਸੇਵਾ ਦੀਆਂ ਗਤੀਵਿਧੀਆਂ ਵਿੱਚ ਉਚੇਚੇ ਤੌਰ 'ਤੇ ਹਿੱਸਾ ਲਿਆ ਜਾਂਦਾ ਹੈ ਅਤੇ ਬੈਂਕ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਹਮੇਸ਼ਾ ਹੀ ਮੋਹਰੀ ਰਿਹਾ ਹੈ।।

ਬਾਬਾ ਹਾਥੀ ਰਾਮ ਅਸਥਾਨ ਗੁਣਾਚੌਰ ਵਿਖੇ ਅਖੰਡ ਪਾਠਾਂ ਦੇ ਭੋਗ ਅੱਜ

• ਵਿਸ਼ਾਲ ਜੋੜ ਮੇਲਾ ਕੱਲ੍ਹ •ਦੇਸ਼ ਵਿਦੇਸ਼ ਤੋਂ ਪੁੱਜਣਗੇ ਗੋਆਰ-ਵਣਜਾਰਾ ਆਗੂ

ਬੰਗਾ/ਜਲੰਧਰ, 17 ਜੂਨ (ਰਾਜ ਮਜਾਰੀ/ਹਰਪ੍ਰੀਤ ਸਿੰਘ ਲੇਹਿਲ)- ਗੋਆਰ-ਵਣਜਾਰਾ ਭਾਈਚਾਰੇ ਦੇ ਮਹਾਨ ਧਾਰਮਿਕ ਆਗੂ ਤੇ ਬੱਲਸ਼ਾਲੀ ਯੋਧੇ ਬਾਬਾ ਹਾਥੀ ਰਾਮ ਜੀ (ਅਸਲ ਨਾਂਅ ਬਾਬਾ ਆਸਾ ਰਾਮ ਜੀ) ਹੋਰਾਂ ਦੀ ਯਾਦ ਵਿਚ 32ਵਾਂ ਸਾਲਾਨਾ ਜੋੜ ਮੇਲੇ ਸਬੰਧੀ ਅਖੰਡ ਪਾਠਾਂ ਦੇ ਭੋਗ ਅੱਜ 18 ਜੂਨ ਦਿਨ ਸ਼ੁੱਕਰਵਾਰ ਨੂੰ ਪਿੰਡ ਗੁਣਾਂਚੌਰ ਨੇੜੇ ਬੰਗਾ ਵਿਖੇ ਪਾਏ ਜਾ ਰਹੇ ਹਨ। ਵਿਸ਼ਾਲ ਜੋੜ ਮੇਲਾ 19 ਜੂਨ ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਜੋੜ ਮੇਲੇ ਵਿਚ ਗੋਆਰ, ਵਣਜਾਰਾ ਭਾਈਚਾਰੇ ਅਤੇ ਹੋਰ ਸ਼ਰਧਾਲੂਆਂ ਵੱਲੋਂ ਦੇਸ਼-ਵਿਦੇਸ਼ ਤੋਂ ਭਾਰੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਮੰਦਰ ਬਾਬਾ ਹਾਥੀ ਰਾਮ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਦਰਸ਼ਨ ਸਿੰਘ ਲੇਹਿਲ ਹੋਰਾਂ ਨੇ ਦੱਸਿਆ ਕਿ ਆਖੰਡ ਪਾਠ ਦੇ ਭੋਗ ਉਪਰੰਤ ਵਿਸ਼ਾਲ ਧਾਰਮਿਕ ਕੀਰਤਨ ਪ੍ਰੋਗਰਾਮ ਉਪਰੰਤ 2 ਵਜੇ ਪਿੰਡ ਗੁਣਾਚੌਰ ਦੇ ਵਾਸੀ ਵੇਟ ਲਿਫਟਰਾਂ ਦੇ ਵੇਟ ਲਿਫਟਿੰਗ ਮੁਕਾਬਲੇ ਅਤੇ ਗੋਆਰ ਭਾਈਚਾਰੇ ਦੇ ਅਮੀਰ ਖੇਡ ਵਿਰਸੇ ਦੀ ਨਿਸ਼ਾਨੀ 'ਬਾਜੀ' ਦੇ ਮੁਕਾਬਲੇ ਕਰਵਾਏ ਜਾਣਗੇ। 19 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 9.00 ਵਜੇ ਮੁੱਖ ਸਮਾਗਮ ਸ਼ੁਰੂ ਹੋਣਗੇ ਜਿਸ ਦੌਰਾਨ ਦੇਸ਼-ਵਿਦੇਸ਼ ਤੋਂ ਗੋਆਰ ਭਾਈਚਾਰੇ ਦੀਆਂ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਤੋਂ ਇਲਾਵਾ ਇਲਾਕੇ ਦੇ ਲੋਕ ਸਭਾ, ਵਿਧਾਨ ਸਭਾ ਹਲਕਿਆਂ ਦੇ ਪ੍ਰਤੀਨਿਧ, ਹੋਰ ਸਿਆਸੀ, ਧਾਰਮਿਕ ਸ਼ਖ਼ਸੀਅਤਾਂ, ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ ਬਾਬਾ ਹਾਥੀ ਰਾਮ ਜੀ ਦੇ ਅਸਥਾਨ 'ਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪੁੱਜਣਗੇ। ਇਨ੍ਹਾਂ ਸ਼ਖ਼ਸੀਅਤਾਂ ਵਿੱਚ ਹਲਕਾ ਵਿਧਾਇਕ ਸ੍ਰੀ ਮੋਹਣ ਲਾਲ ਬੰਗਾ, ਹਲਕਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸਿੰਘ, ਸਾਬਕਾ ਐਮ.ਪੀ. ਸਤਨਾਮ ਸਿੰਘ ਕੈਂਥ, ਵਣਜਾਰਾ ਭਾਈਚਾਰੇ ਦੇ ਕੌਮੀ ਆਗੂ ਐਮ.ਪੀ. ਸ੍ਰੀ ਹਰਿਭਾਊ ਰਾਠੌਰ, ਸ. ਜਗੀਰ ਸਿੰਘ ਖ਼ਾਲਸਾ ਕਾਰਜਕਾਰੀ ਪ੍ਰਧਾਨ ਸੰਤ ਸੇਵੇ ਲਾਲ ਵਣਜਾਰਾ-ਮਹਾਂਸੰਘ, ਡਾ. ਸ਼ੰਕਰ ਨਾਇਕ ਪ੍ਰਧਾਨ ਆਲ ਇੰਡੀਆ ਵਣਜਾਰਾ ਸੇਵਾ ਸੰਘ, ਸ੍ਰੀਮਤੀ ਜਲਜਾ ਨਾਇਕ ਐਮ.ਐਲ.ਸੀ. ਕਰਨਾਟਕਾ, ਸ੍ਰੀ ਪੋਰੀਕਾ ਬਲਰਾਮ ਨਾਇਕ ਐਮ.ਪੀ. ਭਾਰਤ ਸਰਕਾਰ, ਸ੍ਰੀ ਦਿਲਰਾਜ ਵਣਜਾਰਾ ਉੱਘੇ ਫ਼ਿਲਮ ਐਕਟਰ, ਸ੍ਰੀ ਮਧੂਕਾਕ ਪਵਾਰ ਪ੍ਰਧਾਨ ਆਲ ਇੰਡੀਆ ਸੰਤ ਸੇਵੇ ਲਾਲ ਵਣਜਾਰਾ ਸੰਘ, ਪ੍ਰੋਫੈਸਰ ਉਲਹਾਸ ਯਾਦਵ, ਸ੍ਰੀ ਬਾਬੂ ਲਾਲ ਉਦਵਤ, ਸ. ਸਾਧੂ ਸਿੰਘ ਧਰਮਸੋਤ ਵਿਧਾਇਕ ਅਮਲੋਹ, ਚੌਧਰੀ ਦਿੱਲੂ ਰਾਮ ਸਾਬਕਾ ਮੰਤਰੀ ਹਰਿਆਣਾ, ਸ੍ਰੀਮਤੀ ਦਵਿੰਦਰ ਕੌਰ ਚੇਅਰਪਰਸਨ ਜ਼ਿਲ੍ਹਾ ਪ੍ਰੀਸ਼ਦ ਐਡਵੋਕੇਟ ਇੰਦਰ ਸਿੰਘ ਚੰਡੀਗੜ੍ਹ, ਇਸ ਸਮਾਗਮ ਵਿੱਚ ਗੋਆਰ ਭਾਈਚਾਰੇ ਦੇ ਦੇਸ਼-ਵਿਦੇਸ਼ ਵਿਚ ਪ੍ਰਸਿੱਧ ਗਾਇਕ ਸ੍ਰੀ ਦਲਵਿੰਦਰ ਦਿਆਲਪੁਰੀ ਅਤੇ ਹੋਰ ਗਾਇਕਾਂ ਤੋਂ ਇਲਾਵਾ ਪੰਜਾਬੀ ਗਾਇਕੀ ਦੇ ਸਿਰਮੌਰ ਗਾਇਕ ਸ੍ਰੀ ਮੁਹੰਮਦ ਸਦੀਕ ਵੀ ਇਸ ਮੌਕੇ ਸੰਗਤਾਂ ਨੂੰ ਆਪਣੇ ਸੰਗੀਤ ਪ੍ਰੋਗਰਾਮਾਂ ਰਾਹੀਂ ਨਿਹਾਲ ਕਰਨਗੇ। ਸ: ਦਰਸ਼ਨ ਸਿੰਘ ਲੇਹਿਲ ਹੋਰਾਂ ਨੇ ਦੱਸਿਆ ਕਿ ਇਸ ਮੁੱਖ ਸਮਾਗਮ ਵਿਚ ਗੋਆਰ ਭਾਈਚਾਰੇ ਦੇ ਸਿੱਖਿਆ ਅਤੇ ਖੇਡਾਂ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਹੋਣਹਾਰ ਬੱਚੇ-ਬੱਚੀਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।

25 ਸਾਲਾਂ ਨੌਜਵਾਨ ਵੱਲੋਂ ਫਾਹਾ ਲੈ ਕੇ ਖੁਦਕੁਸ਼ੀ

ਬਾਘਾ ਪੁਰਾਣਾ, 17 ਜੂਨ (ਪੱਤਰ ਪ੍ਰੇਰਕ) ਇਥੋਂ ਦੀ ਅਨਾਜ ਮੰਡੀ 'ਚ ਜਸਵਿੰਦਰ ਸਿੰਘ ਉਰਫ਼ ਕੱਦੂ (25) ਨਾਮੀ ਵਿਅਕਤੀ ਵੱਲੋਂ ਦਰਖੱਤ ਨਾਲ ਫਾਹਾ ਲੈ ਕੇ ਆਤਮ ਹੱਤਿਆ ਕਰ ਲੈਣ ਦਾ ਸਮਾਚਾਰ ਮਿਲੀਆ ਹੈ। ਅੱਜ ਤੜਕਸਾਰ ਜਸਵਿੰਦਰ ਦੀ ਲਾਸ਼ ਲੋਕਾਂ ਨੇ ਮੰਡੀ 'ਚ ਇੱਕ ਦਰਖੱਤ ਨਾਲ ਲਟਕਦੀ ਦੇਖੀ ਜਿਸ ਦੀ ਸੂਚਨਾ ਜਸਵਿੰਦਰ ਸਿੰਘ ਦੇ ਮਾਪਿਆਂ ਤੱਕ ਪਹੁੰਚਾਈ ਗਈ। ਜਸਵਿੰਦਰ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਵੱਲੋਂ ਤੁਰੰਤ ਪੁਲਿਸ ਸਟੇਸ਼ਨ ਬਾਘਾ ਪੁਰਾਣਾ ਵਿਖੇ ਦਿੱਤੀ ਗਈ, ਜਿਸ ਤੇ ਹੌਲਦਾਰ ਡਿੰਗਬਰ ਸਿੰਘ ਨੇ ਕਾਰਵਾਈ ਕਰਦਿਆਂ ਘਟਨਾ ਸਥਾਨ 'ਤੇ ਪੁੱਜ ਕੇ ਲਾਸ਼ ਨੂੰ ਦਰਖੱਤ ਤੋਂ ਥੱਲੇ ਲੁਆਇਆ। ਪ੍ਰਾਪਤ ਜਾਣਕਾਰੀ ਅਨੁਸਾਰ ਜਸਵਿੰਦਰ ਸਿੰਘ ਉਰਫ਼ ਕੱਦੂ ਪੁੱਤਰ ਮੀਤ ਸਿੰਘ ਜੋ ਕਿ ਆਪਣੇ ਨਾਨਕੇ ਪਿੰਡ ਮੰਡੀਰਾ ਵਿਖੇ ਰਹਿੰਦਾ ਸੀ ਦਾ ਸਾਲ ਕੁ ਪਹਿਲਾਂ ਸੋਮਾ ਰਾਣੀ ਵਾਸੀ ਜੰਡ ਵਾਲਾ ਨਾਲ ਵਿਆਹ ਹੋਇਆ ਸੀ ਅਤੇ ਉਸ ਦਾ ਆਪਣੀ ਪਤਨੀ ਨਾਲ ਤਦ ਤੋਂ ਹੀ ਝਗੜਾ ਚੱਲਦਾ ਆ ਰਿਹਾ ਸੀ। ਦੋ ਕੁ ਮਹੀਨੇ ਪਹਿਲਾਂ ਹੀ ਉਸ ਦਾ ਸੋਮਾਰਾਣੀ ਨਾਲੋਂ ਤਲਾਕ ਹੋਇਆ ਸੀ।

ਕਾਂਗਰਸੀ ਆਗੂਆਂ ਨਾਲ ਦਿਖਾਈ ਦੇ ਰਹੇ ਹਨ ਤੇਜ ਪ੍ਰਕਾਸ਼ ਸਿੰਘ। ਤਸਵੀਰ: ਰੁਪੀ ਰਛੀਨ

ਬਾਦਲ ਸਰਕਾਰ ਹਰ ਫਰੰਟ 'ਤੇ ਫੇਲ ਸਾਬਤ ਹੋਈ-ਤੇਜ ਪ੍ਰਕਾਸ਼

ਅਹਿਮਦਗੜ੍ਹ, 17 ਜੂਨ (ਰੁਪੀ ਰਛੀਨ/ਸੁਖਜੀਤ ਖੇੜਾ)- ਅੱਜ ਹਰ ਮਹਿਕਮੇ ਦਾ ਉੱਚ ਅਧਿਕਾਰੀ ਬਾਦਲ ਸਰਕਾਰ ਦੀ ਸ਼ਰ੍ਹੇਆਮ ਤਰਫਦਾਰੀ ਕਰਦਾ ਹੈ ਜਿਸ ਕਾਰਨ ਆਮ ਆਦਮੀ ਤਾਂ ਕੀ ਹੈ ਕਾਂਗਰਸ ਪਾਰਟੀ ਦੇ ਵਿਧਾਇਕਾਂ ਦੀ ਵੀ ਗੱਲ ਨਹੀਂ ਸੁਣੀ ਜਾਂਦੀ ਤੇ ਕਾਂਗਰਸ ਪਾਰਟੀ ਦੇ ਵਰਕਰਾਂ ਤੇ ਆਗੂਆਂ ਤੇ ਝੂਠੇ ਕੇਸਾਂ 'ਚ ਫਸਾਇਆ ਜਾਂਦਾ ਹੈ ਤੇ ਛੋਟੇ-ਛੋਟੇ ਕੇਸਾਂ ਜਾਂ ਘਰੇਲੂ ਝਗੜਿਆਂ 'ਚ ਕਾਂਗਰਸੀਆਂ ਨੂੰ ਉਲਝਾਇਆ ਜਾਂਦਾ ਹੈ ਤੇ ਪਿੰਡਾਂ ਦੇ ਘੜੰਮ ਅਕਾਲੀਆਂ ਦੇ ਇਸ਼ਾਰਿਆਂ ਤੇ ਪੁਲਿਸ ਕੰਮ ਕਰਦੀ ਹੈ, ਜਿਸ ਕਾਰਨ ਗਰੀਬ ਜਨਤਾ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਹੋ ਰਿਹਾ ਹੈ। ਇਹ ਬਿਆਨ ਸ. ਤੇਜ ਪ੍ਰਕਾਸ਼ ਸਿੰਘ ਵਿਧਾਇਕ ਤੇ ਸਾਬਕਾ ਮੰਤਰੀ ਪੰਜਾਬ ਨੇ ਪੱਤਰਕਾਰਾਂ ਨੂੰ ਦਿੰਦੇ ਕਹੇ ਜਦੋਂ ਅੱਜ ਉਸ ਸ. ਮਨਜੀਤ ਸਿੰਘ (ਦਫ਼ਤਰ ਡੀ.ਸੀ. ਲੁਧਿਆਣਾ) ਦੀ ਮਾਤਾ ਸੁਖਦੇਵ ਕੌਰ ਦੀ ਅੰਤਿਮ ਅਰਦਾਸ ਸ਼ਾਮਿਲ ਹੋਣ ਆਏ ਸੀ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਹੁੰਦੀ ਹੈ ਨਾ ਕਿ ਸਿਰਫ਼ ਆਪਣੇ ਨਜ਼ਦੀਕੀ ਜਾਂ ਰਿਸ਼ਤੇਦਾਰਾਂ ਦੀਆਂ ਝੋਲੀਆਂ ਭਰਨ ਵਾਸਤੇ ਹੈ। ਉਨ੍ਹਾਂ ਸ: ਪ੍ਰਕਾਸ਼ ਸਿੰਘ ਬਾਦਲ ਤੇ ਵਰਦਿਆਂ ਕਿਹਾ ਕਿ ਇਸ ਦੀ ਸਰਕਾਰ 'ਚ ਅੱਧਾ ਹਿੱਸਾ ਇਸ ਦੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਹੈ, ਜਿਸ ਕਾਰਨ ਅੱਜ ਪੰਜਾਬ ਦੇ ਹਾਲਾਤ ਬਿਗੜ ਤੇ ਛੱਤੀਸਗੜ੍ਹ ਵਾਂਗ ਹੋ ਗਏ ਹਨ ਤੇ ਪੰਜਾਬ ਦਾ ਦਲਿਤ ਵਰਗ ਰੱਬ ਆਸਰੇ ਜੀ ਰਿਹਾ ਹੈ। ਇਸ ਸਮੇਂ ਹਲਕਾ ਵਿਧਾਨ ਸਭਾ ਕਿਲਾ ਰਾਏਪੁਰ (ਪੁਰਾਣਾ ਹਲਕਾ) ਦੇ ਇੰਚਾਰਜ ਸ. ਜਗਪਾਲ ਸਿੰਘ ਖੰਗੂੜਾ ਜ.ਸ. ਪੰਜਾਬ ਪ੍ਰਦੇਸ਼ ਕਾਂਗਰਸ ਨੇ ਮਨਪ੍ਰੀਤ ਇਯਾਲੀ ਚੇਅਰਮੈਨ ਇੰਪਰੂਵਮੈਂਟ ਤੇ ਵਰਦਿਆਂ ਕਿਹਾ ਕਿ ਇਸ ਨੂੰ ਸਾਡੇ ਲੁਧਿਆਣਾ ਦੇ ਵਿਕਾਸ ਲਈ ਕੰਮ ਕਰਨਾ ਚਾਹੀਦਾ ਹੈ ਨਾ ਕਿ ਸਿਰਫ਼ ਹਲਕਾ ਦਾਖਾ ਲਈ। ਖੰਗੂੜਾ ਨੇ ਜ਼ਾਹਿਰ ਕੀਤਾ ਕਿ ਆਉਣ ਵਾਲੀ ਵਿਧਾਨ ਸਭਾ ਦਾ ਇਛੁਕ ਅਯਾਲੀ ਹੋ ਸਕਦਾ ਹੈ ਜਿਸ ਕਾਰਨ ਇਹ ਵੋਟਰਾਂ ਨੂੰ ਭਰਮਾਉਣ ਲਈ ਹਲਕੇ ਦੇ ਸਾਰੇ ਪਿੰਡਾਂ 'ਚ ਗਰਾਂਟਾਂ ਵੰਡ ਰਿਹਾ ਹੈ ਪਰ ਲੋਕ ਅਕਾਲੀ ਸਰਕਾਰ ਤੋਂ ਬਹੁਤ ਦੁਖ ਹਨ। ਇਸ ਸਮੇਂ ਸ. ਬੁੱਧ ਸਿੰਘ ਰਛੀਨ, ਸ. ਲਖਵੀਰ ਸਿੰਘ ਲੱਖਾ ਪ੍ਰਧਧਨ ਯੂਥ ਕਾਂਗਰਸ ਕਮੇਟੀ ਲੁਧਿਆਣਾ ਦਿਹਾਤੀ, ਰਾਜੀਵ ਸਤਿਵ, ਹਰਜਿੰਦਰ ਸਿੰਘ ਢੀਂਡਸਾ, ਬਹਾਦਰ ਸਿੰਘ ਸਰਪੰਚ ਤੁਗਾ ਹੇੜੀ, ਸੁਖਪਾਲ ਸਿੰਘ, ਅਵਤਾਰ ਸਿੰਘ ਗਾਂਧੀ ਜ. ਸ. ਕਾਂਗਰਸ ਕਮੇਟੀ ਪੱਖੋਵਾਲ, ਮੋਹਣ ਸਿੰਘ ਖ਼ਾਲਸਾ, ਸ. ਲੱਖਾ ਸਿੰਘ ਰਛੀਨ, ਸ. ਨਵਤੇਜ ਸਿੰਘ (ਅਰਸੀ ਪਰਿਵਾਰ), ਗੁਰਿੰਦਰ ਸਿੰਘ ਪੰਚ, ਸ. ਮਨਜੀਤ ਸਿੰਘ ਪੰਚ, ਸੋਹਣ ਸਿੰਘ ਕਾਲਾ ਪੰਚ, ਸ. ਅਵਤਾਰ ਸਿੰਘ ਘਵੱਦੀ ਆਦਿ ਆਗੂ ਸ਼ਸ਼ਮਲ ਹੋਏ।

ਅਰੁਸ਼ ਬਾਂਸਲ ਗੋਲਡ ਮੈਡਲ ਜੇਤੂ ਖਿਡਾਰੀ ਦਾ ਪਿੰਡ ਜੋਗਾ ਵਿਖੇ ਸਨਮਾਨ ਦਾ ਦ੍ਰਿਸ਼। ਫੋਟੋ-ਯਾਦੂ ਭੁੱਲਰ

ਅਰੁਸ਼ ਬਾਂਸਲ ਨੂੰ ਸਨਮਾਨਿਤ ਕੀਤਾ

ਤਪਾ ਮੰਡੀ, 17 ਜੂਨ (ਯਾਦੂ ਭੁੱਲਰ)- ਸਥਾਨਿਕ ਮੰਡੀ ਦੇ ਡਾ. ਨਰੇਸ਼ ਬਾਂਸਲ ਦੇ ਪੁੱਤਰ ਅਰੁਸ਼ ਬਾਂਸਲ ਗੋਲਡ ਮੈਡਲ ਜੇਤੂ ਰੋਲਰ ਸਕਾਟਿਂਗ ਖਿਡਾਰੀ ਦੇ ਹੋ ਰਹੇ ਦਿਨ-ਬ-ਦਿਨ ਸਨਮਾਨਾਂ 'ਚ ਵਾਧਾ ਕਰਦਿਆਂ ਪਿੰਡ ਜੋਗਾ ਦੇ ਕਲੱਬ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਅਰੁਸ਼ ਬਾਂਸਲ ਛੋਟੀ ਉਮਰੇ ਵੱਡੀਆਂ-ਵੱਡੀਆਂ ਮੱਲ੍ਹਾਂ ਮਾਰ ਕੇ ਆਪਣੇ ਮਾਪਿਆਂ ਦੇ ਜਿੱਥੇ ਸੁਪਨੇ ਸਾਕਾਰ ਕਰ ਰਿਹਾ ਹੈ। ਉਥੇ ਆਪਣੇ ਇਲਾਕੇ ਦਾ ਹੀ ਨਹੀਂ ਬਲਕਿ ਭਾਰਤ ਦੀ ਟੀਮ ਵਿੱਚ ਖੇਡ ਕੇ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਦੇ ਸਟੇਡੀਅਮ ਵਿੱਚ ਹੋਏ ਖੇਡ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤ ਕੇ ਦੇਸ਼ 'ਤੇ ਗਰਵ ਮਹਿਸੂਸ ਕੀਤਾ ਹੈ। ਪਿੰਡ ਜੋਗਾ ਦੇ ਨੌਜਵਾਨ ਸਮਾਜ ਭਲਾਈ ਕਲੱਬ ਦੇ ਸਰਪ੍ਰਸਤ ਜਗਦੀਸ਼ ਜੋਗਾ ਅਤੇ ਗੁਰਜੰਟ ਸਿੱਧੂ ਨੇ ਇਸ ਹੋਣਹਾਰ ਖਿਡਾਰੀ ਨੂੰ ਆਪਣੇ ਨਗਰ ਦੀ ਦਾਨਾ ਮੰਡੀ ਵਿੱਚ ਹੋਏ ਸੱਭਿਆਚਾਰਕ ਮੇਲੇ ਵਿੱਚ ਮੰਚ ਤੇ ਫੁਲਕਾਰੀ ਹੇਠ ਸਤਿਕਾਰ ਨਾਲ ਜੀ ਆਇਆ ਕਿਹਾ ਅਤੇ ਸਨਮਾਨ ਵਿੱਚ ਸਿਰੋਪਾ ਅਤੇ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ।

ਆਸਟ੍ਰੇਲੀਆ ਵਿੱਚ ਇੱਕ ਹੋਰ ਭਾਰਤੀ ਨੌਜਵਾਨ ਦੀ ਮੌਤ

ਸਿਡਨੀ, 17 ਜੂਨ (ਅ.ਬ.) ਆਸਟ੍ਰੇਲੀਆ ਦੇ ਸ਼ਹਿਰ ਸਿਡਨੀ 'ਚ ਇੱਕ ਭਾਰਤੀ ਨੌਜਵਾਨ ਦੀ ਮੌਤ ਹੋਣ ਦ ਖਬਰ ਹੈ। ਪ੍ਰਾਪਤ ਜਾਣਕਾਰੀ ਦੀਪ ਹੇਮਾਂਤ ਕੁਮਾਰ ਗੈਲਾਨੀ ਨਾਮ ਦਾ ਇਹ ਨੌਜਵਾਨ ਪਿੱਛਿਉਂ ਭਾਰਤ ਦੇ ਪ੍ਰਾਂਤ ਗੁਜਰਾਤ ਦੇ ਸ਼ਹਿਰ ਰਾਜਕੋਟ ਤੋਂ ਸੰਨ 2008 'ਚ ਵਿਦਿਆਰਥੀ ਵੀਜ਼ਾ ਲੈ ਕੇ ਆਸਟ੍ਰੇਲੀਆ ਪੜ੍ਹਨ ਆਇਆ ਸੀ ਤੇ ਇੱਥੋਂ ਦੀ ਸੈਂਟਰਲ ਕੁਈਨਜ਼ਲੈਂਡ ਯੂਨੀਵਰਸਿਟੀ 'ਚ ਪੜ੍ਹ ਰਿਹਾ ਸੀ। ਬੀਤੇ ਐਤਵਾਰ ਦੀਪ ਅਤੇ ਉਸਦੇ ਕੁਝ ਦੋਸਤ ਟ੍ਰੇਨ 'ਚ ਸਵਾਰ ਹੋ ਕੇ "ਕਿਆਮਾ" ਨਾਮੀਂ ਕਸਬੇ 'ਚ ਘੁੰਮਣ ਫਿਰਨ ਲਈ ਗਏ ਤੇ ਉੱਥੇ ਹੀ ਇਹ ਹਾਦਸਾ ਵਾਪਰ ਗਿਆ। ਦੀਪ ਦੇ ਰਿਸ਼ਤੇਦਾਰ ਜਲਪਾ ਮਾਵਾਨੀ ਮੁਤਾਬਿਕ ਜਦੋਂ ਦੀਪ ਤੇ ਉਸਦੇ ਕੁੱਝ ਦੋਸਤਾਂ ਨਾਲ ਕਿਆਮਾ ਵਿਖੇ ਘੁੰਮ ਫਿਰ ਰਹੇ ਸਨ ਤਾਂ ਉਹ ਸਾਰੇ ਥੱਕ ਕੇ ਉੱਥੇ ਪੱਥਰਾਂ ਉੱਤੇ ਬੈਠ ਕੇ ਆਰਾਮ ਕਰਨ ਲੱਗੇ ਪ੍ਰੰਤੂ ਮ੍ਰਿਤਕ ਦੀਪ ਗੈਲਾਨੀ ਕੁੱਝ ਦੇਰ ਮਗਰੋਂ ਹੋਰ ਘੁੰਮਣ ਲਏ ਇਕੱਲਾ ਹੀ ਹੋਰ ਅੱਗੇ ਚਲੇ ਗਿਆ। ਜਦੋਂ ਉਹ ਕਾਫੀ ਦੇਰ ਵਾਪਿਸ ਨਾ ਆਇਆ ਤਾਂ ਉਸਦੇ ਦੋਸਤ ਉਸਨੂੰ ਲੱਭਣ ਲਈ ਕਾਫੀ ਅੱਗੇ ਚਲੇ ਪ੍ਰੰਤੂ ਉਹਨਾਂ ਨੂੰ ਦੀਪ ਨਹੀਂ ਲੱਭਿਆ ਤੇ ਫਿਰ ਉਹ ਸਾਰੇ ਇਹ ਸੋਚ ਕੇ ਵਾਪਿਸ ਆ ਗਏ ਕਿ ਸ਼ਾਇਦ ਉਹ ਵਾਪਿਸ ਮੁੜ ਆਇਆ ਹੋਵੇਗਾ ਪ੍ਰੰਤੂ ਉਹ ਦੀਪ ਵਾਪਿਸ ਨਹੀਂ ਆਇਆ। ਕਾਫੀ ਦੇਰ ਲੱਭਣ ਤੋਂ ਬਾਅਦ ਦੀਪ ਦੇ ਦੋਸਤਾਂ ਨੇ ਉਸਦੇ ਗੁੰਮ

ਸਿਡਨੀ 'ਚ ਮਾਰੇ ਗਏ ਭਾਰਤੀ ਨੌਜਵਾਨ ਦੀਪਕ ਗਿਲਾਨੀ ਦੀ ਇੱਕ ਪੁਰਾਣੀ ਤਸਵੀਰ।

ਹੋਣ ਦੀ ਖਬਰ ਪੁਲਿਸ ਨੂੰ ਦਿੱਤੀ। ਜਲਪਾ ਮੁਤਾਬਿਕ ਪੁਲਿਸ ਵੱਲੋਂ ਮੌਕੇ 'ਤੇ ਪਹੁੰਚ ਕੇ ਉਹਨਾਂ ਸਾਰਿਆਂ ਤੋਂ ਕੁੱਝ ਸਵਾਲ ਕੀਤੇ ਤੇ ਬਿਨਾਂ ਦੀਪ ਦੀ ਭਾਲ ਕੀਤਿਆਂ ਹੀ ਵਾਪਿਸ ਚਲੇ ਗਈ। ਇਸ ਤੋਂ ਬਾਅਦ ਦੀਪ ਦੇ ਦੋਸਤਾਂ ਨੇ ਇਹ ਖਬਰ ਭਾਰਤੀ ਦੂਤਘਰ ਦੇ ਕੌਂਸਲ ਸ੍ਰੀ ਅਮਿਤ ਗੁਪਤਾ ਨੂੰ ਦਿੱਤੀ ਤੇ ਫਿਰ ਪੁਲਿਸ ਨੇ ਉਹਨਾਂ ਨੂੰ ਦੂਜੇ ਦਿਨ ਸਵੇਰੇ ਫੋਨ ਕੀਤਾ ਤੇ ਉਹਨਾਂ ਦੇ ਗੁੰਮ ਹੋਏ ਦੋਸਤ ਦੀ ਭਾਲ ਸ਼ੁਰੂ ਕਰ ਦਿੱਤੀ। ਦੀਪ ਦੇ ਰਿਸ਼ਤੇਦਾਰ ਜਲਪਾ ਨੂੰ ਉਸਦੇ ਗੁੰਮ ਹੋਣ ਦੀ ਖਬਰ ਦੂਜੇ ਦਿਨ ਦੀਪ ਦੇ ਕਿਸੇ ਦੋਸਤ ਵਲੋਂ ਸਵੇਰੇ 10 ਵਜੇ ਦਿੱਤੀ ਤੇ ਉਹ ਕਰੀਬ 2 ਵਜੇ "ਕਿਆਮਾ" ਪੁਲਿਸ ਸਟੇਸ਼ਨ ਚਲੇ ਗਿਆ। ਜਲਪਾ ਨੇ ਦੱਸਿਆ ਕਿ ਪੁਲਿਸ ਨੇ ਉਸਨੂੰ ਕਰੀਬ 4 ਕੁ ਵਜੇ ਦੱਸਿਆ ਕਿ ਦੀਪ ਗੈਲਾਨੀ ਦੀ ਲਾਸ਼ ਪਾਣੀ ਵਿੱਚੋਂ ਪ੍ਰਾਪਤ ਹੋਈ ਹੈ। ਇਸ ਘਟਨਾ ਦਾ ਪਤਾ ਚੱਲਦੇ ਸਾਰ ਹੀ ਆਸਟ੍ਰੇਲੀਆ ਪੜ੍ਹਦੇ ਵਿਦਿਆਰਥੀਆਂ 'ਚ ਸ਼ੋਕ ਦ ਲਹਿਰ ਦੌੜ ਗਈ। ਜਲਪਾ ਨੇ ਆਸਟ੍ਰੇਲੀਆ ਵਸਦੇ ਭਾਰਤੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਅੱਗੇ ਆ ਮਦਦ ਕਰਕੇ ਇਸ ਮ੍ਰਿਤਕ ਭਾਰਤੀ ਨੌਜਵਾਨ ਦੀ ਲਾਸ਼ ਭਾਰਤ ਵਾਪਿਸ ਭੇਜਣ ਲਈ ਉਸਦੀ ਮਦਦ ਕਰਨ ਤਾਂ ਜੋ ਦੀਪ ਦੇ ਮਾਪੇ (ਜਿਹਨਾਂ ਦੀ ਆਰਥਿਕ ਹਾਲਤ ਬਹੁਤੀ ਵਧੀਆ ਨਹੀਂ ਹੈ) ਆਪਣੇ ਜਵਾਨ ਪੁੱਤ ਦਾ ਸੰਸਕਾਰ ਆਪਣੇ ਹੱਥਾਂ ਨਾਲ ਕਰ ਸਕਨ।

ਸ਼ਹੀਦੀ ਪੁਰਬ ਮੌਕੇ ਜਨ ਸੇਵਾ ਕੇਂਦਰ ਵੱਲੋਂ ਲਗਾਈਆਂ ਗਈਆਂ ਠੰਢੇ-ਮਿੱਠੇ ਜਲ ਦੀਆਂ ਛਬੀਲਾਂ

ਜਲੰਧਰ, 17 ਜੂਨ (ਮਲਕੀਤ ਸਿੰਘ ਬਰਾੜ)- ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਮੌਕੇ 'ਤੇ ਜਲੰਧਰ-ਲੁਧਿਆਣਾ ਰੋਡ ਸਥਿਤ ਪਿੰਡ ਸੈਮੀ ਵਿਖੇ ਐਸ.ਜੀ.ਐੱਲ ਜਨ ਸੇਵਾ ਕੇਂਦਰ ਵਿਖੇ ਹੋਏ ਵਿਸ਼ੇਸ਼ ਸਤਿਸੰਗ 'ਚ ਐਸ ਜੀ ਐਲ ਜਨ ਸੇਵਾ ਕੇਂਦਰ ਦੇ ਸੰਚਾਲਕ ਬਾਬਾ ਕਸ਼ਮੀਰਾ ਸਿੰਘ ਜੀ ਨੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਕੁਰਬਾਨੀ ਦਾ ਬਖਾਨ ਕਰਦਿਆਂ ਕਿਹਾ ਕਿ ਸਾਨੂੰ ਸ਼ਾਂਤੀ ਰੱਖਣ ਦਾ ਪਹਿਲਾ ਸਬਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਦਿੱਤਾ ਸੀ। ਉਨ੍ਹਾਂ ਨੇ ਇਸ ਨੂੰ ਸਾਬਤ ਕਰਦੇ ਹੋਏ ਤੱਤੀ ਤਵੀ ਤੇ ਬੈਠ ਕੇ 'ਸੀ' ਨਹੀਂ ਕੀਤੀ ਸੀ। ਗੁਰੂ ਜੀ ਨੇ ਧਰਮ ਲਈ ਕੁਰਬਾਨੀ ਦਿੱਤੀ। ਗੁਰੂ ਜੀ ਨੇ ਧੁਰ ਕੀ ਬਾਣੀ ਦਾ ਸੰਪਾਦਨ ਕੀਤਾ ਅਤੇ ਆਪਣੀ 'ਫਿਲਾਸਫੀ' ਨਾਲ ਕੌਮ ਦਾ ਰਾਹ ਰੁਸ਼ਨਾਇਆ। ਗੁਰੂ ਜੀ ਸਾਡੇ ਪ੍ਰੇਰਨਾ ਸਰੋਤ ਹਨ। ਅੱਜ ਦੇ ਇਸ ਮਾਹੌਲ 'ਚ ਸਾਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਅਮਲ 'ਚ ਲਿਆਉਣਾ ਚਾਹੀਦਾ ਹੈ। ਇਸ ਮੌਕੇ 'ਤੇ ਸੈਮੀ ਸਥਿਤ ਸਜਤਨ ਸੇਵਾ ਕੇਂਦਰ ਤੇ ਪਿੰਡ ਸੈਮੀ ਵਿਖੇ ਅਤੇ ਐਸ.ਜੀ.ਐਲ. ਚੈਰੀਟੇਬਲ ਹਸਪਤਾਲ ਗੜ੍ਹ ਰੋਡ ਜਲੰਧਰ ਅਤੇ ਮੁਸਤਫਾਬਾਦ ਵਿਖੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ। ਇਸ ਮੌਕੇ 'ਤੇ ਐਸ. ਜੀ ਐਲ ਚੈਰੀਟੇਬਲ ਹਸਪਤਾਲ ਦੇ ਵਾਈਸ ਪ੍ਰੈਜੀਡੈਂਟ ਕੁਲਦੀਪ ਸਿੰਘ ਅਤੇ ਜਨਰਲ ਸੈਕਟਰੀ ਮਹਿੰਦਰ ਸਿੰਘ ਪਰਵਾਨਾ, ਬਲਦੇਵ ਸਿੰਘ, ਮਨਜੀਤ ਸਿੰਘ, ਜਗਦੇਵ ਸਿੰਘ ਵੀ ਹਾਜ਼ਰ ਸਨ। ਸਤਿਸੰਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ

ਸ਼੍ਰੋਮਣੀ ਪੰਜਾਬੀ ਨਾਟਕਕਾਰ ਅਜਮੇਰ ਔਲਖ ਨਾਲ ਰੂਬਰੂ 19 ਨੂੰ

ਲੁਧਿਆਣਾ, 17 ਜੂਨ (ਰਾਜ ਜੋਸ਼ੀ)- ਪੰਜਾਬੀ ਸਾਹਿਤ ਅਕਾਡਮੀ ਵਲੋਂ ਪੰਜਾਬੀ ਦੇ ਸ਼੍ਰੋਮਣੀ ਨਾਟਕਕਾਰ ਅਜਮੇਰ ਔਲਖ ਨਾਲ 19 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਪੰਜਾਬੀ ਭਵਨ ਵਿਖੇ ਰੂਬਰੂ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੇ ਸੰਯੋਜਕ ਡਾ. ਨਿਰਮਲ ਜੌੜਾ ਨੇ ਦੱਸਿਆ ਹੈ ਕਿ ਭਾਰਤੀ ਸਾਹਿਤ ਅਕਾਡਮੀ ਪੁਰਸਕਾਰ ਵਿਜੇਤਾ ਸ਼੍ਰੀ. ਔਲਖ ਪੰਜਾਬੀ ਦੇ ਮਕਬੂਲ ਨਾਟਕਕਾਰ ਹਨ ਜਿਨਾਂ ਨੇ ਮਧ ਵਰਗੀ ਪਰਿਵਾਰਾਂ ਦੀਆਂ ਤੰਗੀਆਂ, ਤਰੁਟੀਆਂ ਅਤੇ ਸਮਾਜਕ ਸਥਿਤੀ ਨੂੰ ਆਪਣੇ ਨਾਟਕਾਂ ਰਾਹੀਂ ਸਪਸ਼ਟਤਾ ਨਾਲ ਪੇਸ਼ ਕੀਤਾ ਹੈ। ਡਾ. ਜੌੜਾ ਨੇ ਕਿਹਾ ਇਸ ਰੂਬਰੂ ਦੌਰਾਨ ਰੰਗਮੰਚ ਦੇ ਖੇਤਰ ਵਿਚ ਕੰਮ ਕਰ ਰਹੇ ਨੌਜਵਾਨ ਰੰਗ ਕਰਮੀਆਂ ਅਤੇ ਨਾਟ ਨਿਰਦੇਸ਼ਕਾਂ ਲਈ ਸ਼੍ਰੀ. ਔਲਖ ਦਾ ਤਜਰਬਾ ਕਾਫੀ ਫਾਇਦੇ ਵਾਲਾ ਹੋਵੇਗਾ। ਉਹਨਾਂ ਸਮੂਹ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਰੂਬਰੂ ਵਿਚ ਵਿਰਕਤ ਕਰਨ ਦੀ ਅਪੀਲ ਕੀਤੀ।

ਪੰਜਾਬ ਰਾਜ ਬਿਜਲੀ ਬੋਰਡ ਦੇ ਕੀਤੇ ਕੰਮਾਂ ਦੀ ਪੋਲ ਖੁੱਲ੍ਹੀ ਅਤੇ ਖਾਲੀ ਪਿਆ ਐਸ.ਡੀ.ਓ. ਸਿਟੀ ਦਾ ਕਮਰਾ। ਤਸਵੀਰ: ਸ਼ਾਮ ਲਾਲ ਜੋਧਪੁਰੀਆ

ਬਿਜਲੀ ਬੋਰਡ ਦੇ ਕੀਤੇ ਕੰਮਾ ਦੀ ਪੋਲ ਖੁੱਲ੍ਹੀ ?

ਮੌੜ ਮੰਡੀ, 17 ਜੂਨ (ਸ਼ਾਮ ਲਾਲ ਜੋਧਪੁਰੀਆਂ):- ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਸ਼ਹਿਰ ਵਿੱਚ 50 ਸਾਲਾਂ ਬਾਅਦ ਸਾਰੀਆਂ ਬਿਜਲੀ ਦੀਆਂ ਤਾਰਾਂ ਬਦਲੀਆਂ ਜਾ ਚੁੱਕੀਆਂ ਹਨ। ਬਿਜਲੀ ਚੋਰੀ ਰੋਕਣ ਲਈ ਬਿਜਲੀ ਮੀਟਰ ਘਰਾਂ ਚੋਂ ਬਾਹਰ ਕੱਢ ਖੰਭਿਆਂ ਉੱਤੇ ਲਾਏ ਗਏ ਹਨ । ਵਾਰਡ ਨੰਬਰ 05 ਦੇ ਵਿੱਚ ਇੱਕ ਪੋਲ ਦੇ ਉੱਪਰ ਤਕਰੀਬਨ 50ਤੋਂ ਵੱਧ ਤਾਰਾਂ ਦਾ ਜਾਲ ਵਿਛਿਆਂ ਹੋਇਆ ਹੈ ਅਤੇ ਵੱਡੀ ਗਿਣਤੀ ਵਿੱਚ ਮੀਟਰ ਵੀ ਲੱਗੇ ਹੋਏ ਹਨ । ਜਿਸ ਕਾਰਨ ਇਹ ਪੋਲ ਟੁੱਟਣ ਦੇ ਕਿਨਾਰੇ ਲੱਗਾ ਹੋਇਆ ਹੈ। ਕੀ ਬਿਜਲੀ ਬੋਰਡ ਨੇ ਇਹ ਪੋਲ ਬਦਲਣਾ ਜਰੂਰੀ ਨਹੀ ਸਮਝਿਆ ? ਉੱਥੋਂ ਦੇ ਲੋਕਾਂ ਦੀ ਮੰਗ ਹੈ ਕਿ ਇਸ ਮੁਹੱਲੇ ਵਿੱਚ 300 ਦੇ ਕਰੀਬ ਘਰ ਹਨ ਪਰ ਬਿਜਲੀ ਬਹੁਤ ਘੱਟ ਸਪਲਾਈ ਹੁੰਦੀ ਹੈ। ਲੋਕਾਂ ਦੀ ਮੰਗ ਹੈ ਕਿ ਇੱਥੇ ਵੱਡਾ ਟਰਾਂਸਫਾਰਮਰ ਲਾਇਆ ਜਾਵੇ ਤਾਂ ਜੋ ਬਿਜਲੀ ਸਪਲਾਈ ਪੂਰੀ ਹੋ ਸਕੇ। ਕਾਂਸਲ ਰੋਡ ਉੱਪਰ ਚਾਰ ਪਿੱਲਰਾਂ ਵਾਲਾ ਮੀਟਰ ਬੋਕਸ ਟੁੱਟਿਆ ਨਜ਼ਰ ਆ ਰਿਹਾ ਹੈ, ਅਤੇ ਉੱਥੇ ਵੀ ਲੋਕਾਂ ਦੇ ਮੀਟਰ ਚੋਰੀ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ । ਇਸ ਸਬੰਧ ਵਿੱਚ ਸਾਡੇ ਪੱਤਰਕਾਰ ਐਸ.ਡੀ.ਓ. ਦਫਤਰ ਗਏ ਤਾਂ ਉੱਥੇ ਵੀ ਖਪਤਕਾਰਾਂ ਦਾ ਕਹਿਣਾ ਸੀ ਕਿ ਐਸ.ਡੀ.ਓ. ਸਮੇਂ ਸਿਰ ਦਫਤਰ ਨਹੀ ਪਹੁੰਚਦੇ ਅਤੇ ਜਦ ਸਾਡੇ ਪੱਤਰਕਾਰ ਨੇ ਫੋਨ ਤੇ ਗੱਲ ਕੀਤੀ ਤਾਂ ਇੱਕੋ ਉੱਤਰ ਮਿਲਦਾ ਹੈ ਕਿ ਮੈਂ ਬਾਹਰ ਗਿਆ ਹੋਇਆ ਹਾਂ ਅਤੇ ਘੰਟੇ ਤੱਕ ਫੋਨ ਕਰਾਂਗਾ । ਇਨ੍ਹਾਂ ਨੇ ਪੰਜਾਬ ਬਿਜਲੀ ਬੋਰਡ ਦੇ ਚੇਅਰਮੈਨ ਤੋਂ ਮੰਗ ਕੀਤੀ ਹੈ ਇੱਥੇ ਐਸ.ਡੀ.ਓ. ਦਾ ਬੈਠਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਲੋਕਾਂ ਦੇ ਮਸਲੇ ਹਨ ਉਹ ਮੌਕੇ 'ਤੇ ਹੱਲ ਕੀਤੇ ਜਾ ਸਕਣ ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ 'ਕਰੋੜਾਂ ਦੀ ਕਬੱਡੀ' ਖੇਡ ਪ੍ਰੇਮੀਆਂ ਦੇ ਸਪੁਰਦ

ਚੰਡੀਗੜ੍ਹ, 17 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-3 ਤੋਂ 12 ਅਪ੍ਰੈਲ ਤੱਕ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਏ ਪਲੇਠੇ ਵਿਸ਼ਵ ਕਬੱਡੀ ਕੱਪ ਦੇ ਹਰੇਕ ਪਹਿਲੂ 'ਤੇ ਝਾਤ ਪਾਉਂਦੀ ਡਾ. ਸੁਖਦਰਸ਼ਨ ਸਿੰਘ ਚਹਿਲ ਤੇ ਸੁਖਵੀਰ ਸਿੰਘ ਗਰੇਵਾਲ ਦੁਆਰਾ ਰਚਿਤ ਪੁਸਤਕ 'ਕਰੋੜਾਂ ਦੀ ਕਬੱਡੀ' ਅੱਜ ਇੱਥੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਖੇਡ ਪ੍ਰੇਮੀਆਂ ਤੇ ਸਾਹਿਤ ਰਸੀਆਂ ਦੇ ਰੂ-ਬ-ਰੂ ਕਰਨ ਦੀ ਰਸਮ ਅਦਾ ਕੀਤੀ। ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਾਬਕਾ ਮੰਤਰੀ ਸ. ਸਿਕੰਦਰ ਸਿੰਘ ਮਲੂਕਾ ਦੀ ਦੇਖ-ਰੇਖ ਵਿੱਚ ਹੋਏ ਸਮਾਗਮ ਦੌਰਾਨ ਇਸ ਪੁਸਤਕ ਦੀ ਘੁੰਡ ਚੁਕਾਈ ਕਰਦਿਆਂ ਸ. ਬਾਦਲ ਨੇ ਕਿਹਾ ਕਿ ਕਿਸੇ ਵੀ ਵੱਡੇ ਸਮਾਗਮ ਨੂੰ ਸਦੀਵੀ ਰੂਪ ਵਿੱਚ ਸੰਭਾਲ ਕੇ ਰੱਖਣ ਲਈ ਉਸਨੂੰ ਸਾਹਿਤਕ ਰੂਪ ਵਿੱਚ ਹੀ ਵਧੀਆ ਤਰੀਕੇ ਨਾਲ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਇਹ ਪੁਸਤਕ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਦੇ ਇਤਿਹਾਸਕ ਵਿਸ਼ਵ ਕੱਪ ਦੀਆਂ ਯਾਦਾਂ ਨੂੰ ਸੰਭਾਲ ਕੇ ਰੱਖਣ ਦਾ ਬਹੁਤ ਵੱਡਾ ਉਪਰਾਲਾ ਹੈ। ਉਹਨਾਂ ਡਾ. ਚਹਿਲ ਤੇ ਗਰੇਵਾਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਇਸ ਟੂਰਨਾਮੈਂਟ ਦੌਰਾਨ ਦੁਨੀਆਂ ਭਰ ਦੇ ਚੋਟੀ ਦੇ ਖਿਡਾਰੀਆਂ ਨੇ ਆਪਣੇ ਪਸੀਨੇ ਨਾਲ ਇੱਕ ਨਵਾਂ ਇਤਿਹਾਸ ਸਿਰਜਿਆ ਉੱਥੇ ਉਪਰੋਕਤ ਲੇਖਕਾਂ ਨੇ ਪੂਰੇ ਟੂਰਨਾਮੈਂਟ ਦੌਰਾਨ ਵੱਡਮੁੱਲੀ ਜਾਣਕਾਰੀ ਇਕੱਤਰ ਕਰਕੇ ਇਸ ਪੁਸਤਕ

ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਵਿਸ਼ਵ ਕਬੱਡੀ ਕੱਪ ਬਾਰੇ ਪੁਸਤਕ 'ਕਰੋੜਾਂ ਦੀ ਕਬੱਡੀ' ਰਿਲੀਜ ਕਰਦੇ ਹੋਏ ਅਤੇ ਨਾਲ ਖੜੇ ਹਨ ਸ. ਸਿਕੰਦਰ ਸਿੰਘ ਮਲੂਕਾ, ਲੇਖਕ ਡਾ. ਸੁਖਦਰਸ਼ਨ ਸਿੰਘ ਚਹਿਲ ਤੇ ਸੁਖਵੀਰ ਗਰੇਵਾਲ।

ਦੀ ਰਚਨਾ ਕੀਤੀ ਹੈ, ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਬਹੁਤ ਵੱਡਾ ਪ੍ਰੇਰਣਾ-ਸਰੋਤ ਸਾਬਤ ਹੋਵੇਗੀ। ਇਸਦੇ ਨਾਲ ਹੀ ਇਹ ਰਚਨਾ ਵਿਸ਼ਵ ਕੱਪ ਵਿੱਚ ਖੇਡਣ ਵਾਲੇ ਖਿਡਾਰੀਆਂ ਲਈ ਵੀ ਬਹੁਤ ਹੌਸਲਾ ਵਧਾਊ ਤੇ ਯਾਦਗਾਰੀ ਸਾਬਤ ਹੋਵੇਗੀ। ਇਸ ਮੌਕੇ ਤੇ ਮੌਜੂਦ ਸ. ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਕਰਵਾਏ ਗਏ ਵਿਸ਼ਵ ਕੱਪ ਨੂੰ ਸਦੀਵੀ ਤੌਰ 'ਤੇ ਯਾਦ ਰੱਖਣ ਲਈ ਸੰਗਮ ਪਬਲੀਕੇਸ਼ਸਨ ਸਮਾਣਾ ਵੱਲੋਂ ਛਾਪੀ ਗਈ ਇਹ ਪੁਸਤਕ ਬਹੁਤ ਹੀ ਵੱਡਾ ਉੱਦਮ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਨਾਲ ਹੋਏ ਪਲੇਠੇ ਵਿਸ਼ਵ ਕੱਪ ਨੂੰ ਸੰਭਾਲਣ ਲਈ ਦੋਨਾਂ ਲੇਖਕਾਂ ਦਾ ਉਪਰਾਲਾ ਖੇਡ ਜਗਤ ਲਈ ਬਹੁਤ ਵੱਡਾ ਤੋਹਫਾ ਹੈ। ਸ਼੍ਰੀ ਅਵਤਾਰ ਸਿੰਘ ਬਿੱਲੂ ਆਸਟ੍ਰੇਲੀਆ ਦੀ ਪੇਸ਼ਕਸ਼ 'ਕਰੋੜਾਂ ਦੀ ਕਬੱਡੀ' ਪੁਸਤਕ ਦੇ ਰਚਨਹਾਰੇ ਡਾ. ਚਹਿਲ ਤੇ ਸ. ਗਰੇਵਾਲ ਨੇ ਇਸ ਮੌਕੇ ਕਿਹਾ ਕਿ ਉਹ ਉਨ੍ਹਾਂ ਲਈ ਬਹੁਤ ਹੀ ਖੁਸ਼ੀ ਦਾ ਮੌਕਾ ਹੈ ਕਿ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਵਿਸ਼ਵ ਕੱਪ ਨੂੰ ਸੰਭਾਲਣ ਦੀ ਕੋਸ਼ਿਸ਼ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਨੇ ਸਰਾਹਿਆ ਹੈ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਵਿੱਚ ਵਿਸ਼ਵ ਕੱਪ ਦੌਰਾਨ ਖੇਡ ਮੈਦਾਨ ਦੇ ਅੰਦਰ ਤੇ ਬਾਹਰ ਵਾਪਰੀ ਹਰੇਕ ਘਟਨਾ ਨੂੰ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ ਯਾਦਗਾਰੀ 51 ਤਸਵੀਰਾਂ ਇਸ ਪੁਸਤਕ ਦਾ ਸ਼ਿੰਗਾਰ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਪੁਸਤਕ ਨੂੰ ਖੇਡ ਪ੍ਰੇਮੀ ਪੂਰਾ ਪਿਆਰ ਦੇਣਗੇ। ਇਸ ਮੌਕੇ ਤੇ ਲੇਖਕ ਬਲਜਿੰਦਰ ਜੌੜਕੀਆਂ, ਕਬੱਡੀ ਖਿਡਾਰੀ ਗੁਰਦੀਪ ਸਿੰਘ ਬਿੱਟੀ ਘੱਗਾ ,ਸ੍ਰ: ਕਰਮਜੀਤ ਸਿੰਘ ਲੌਂਗੋਵਾਲ ਅਤੇ ਹਾਕੀ ਕੋਚ ਗੁਰਮਿੰਦਰ ਸਿੰਘ ਆਦਿ ਵੀ ਮੌਜੂਦ ਸਨ।

ਮੈਰਿਟ ਵਿਚ ਆਈਆਂ ਵਿਦਿਆਰਥਣਾਂ ਦਾ ਸਨਮਾਨ। ਤਸਵੀਰ: ਜ਼ਮੀਨ ਅਬਦਾਲੀ

ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ

ਮਾਲੇਰਕੋਟਲਾ 17 ਜੂਨ (ਜਮੀਲ ਅਬਦਾਲੀ) ਪਾਇਨੀਅਰ ਪਬਲਿਕ ਸੀਨੀਅਰ ਸੈਕਡੰਰੀ ਸਕੂਲ ਗੱਜਣਮਾਜਰਾ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਕੂਲ ਦੀਆਂ 4 ਵਿਦਿਆਰਥਣਾਂ ਨੇ ਬੋਰਡ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਆਪਣਾ, ਸਕੂਲ ਅਤੇ ਮਾਪਿਆਂ ਦਾ ਨਾਂ ਉੱਚਾ ਕੀਤਾ ਹੈ। ਸਕੂਲ ਦੀ ਪ੍ਰਿੰਸੀਪਲ ਪਰਮਿੰਦਰ ਕੌਰ ਮੰਡੇਰ ਨੇ ਦੱਸਿਆ ਕਿ ਲਵਲੀਨ ਕੌਰ ਮਲਕਪੁਰ ਨੇ 90.73 ਫੀਸਦੀ, ਜੋਬਨਪ੍ਰੀਤ ਕੌਰ ਮਾਹਪੁਰ ਨੇ 88.94 ਫੀਸਦੀ, ਜਸਪ੍ਰੀਤ ਕੌਰ ਸੰਧੂ ਖਾਨਪੁਰ ਨੇ 88.52 ਫੀਸਦੀ ਅਤੇ ਜਸਪ੍ਰੀਤ ਕੌਰ ਬਨਭੌਰਾ ਨੇ 87.89 ਫੀਸਦੀ ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਸਕੂਲ ਦੇ 238 ਵਿਦਿਆਰਥੀ ਦਸਵੀਂ ਕਲਾਸ ਦੇ ਇਮਤਿਹਾਨ ਵਿੱਚ ਬੈਠੇ ਜਿਨ੍ਹਾਂ ਵਿਚੋਂ 80 ਫੀਸਦੀ ਵਿਦਿਆਰਥੀਆਂ ਨੇ ਦਸਵੀਂ ਜਮਾਤ ਪਹਿਲੇ ਦਰਜੇ ਵਿੱਚ ਪਾਸ ਕੀਤੀ ਹੈ। ਅੱਜ ਸਕੂਲ ਵਿੱਚ ਇਨ੍ਹਾਂ ਵਿਦਿਆਰਥਣਾਂ ਨੂੰ ਸਨਮਾਨਿਤ ਕਰਨ ਲਈ ਇੱਕ ਸਾਦਾ ਅਤੇ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਮੰਡੇਰ ਨੇ ਮੈਰਿਟ ਸੂਚੀ ਵਿੱਚ ਆਈਆਂ ਵਿਦਿਆਰਥਣਾਂ ਨੂੰ ਮਬਾਰਕਬਾਦ ਦਿੰਦਿਆ ਸਕੂਲ ਦੇ ਬਾਕੀ ਵਿਦਿਆਰਥੀਆਂ ਨੂੰ ਇਨ੍ਹਾਂ ਵਿਦਿਆਰਥਣਾਂ ਦੀ ਰੀਸ ਕਰਦੇ ਹੋਏ ਆਪਣੀਆਂ-ਆਪਣੀਆਂ ਜਮਾਤਾਂ ਵਿਚੋਂ ਚੰਗੇ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਆ। ਸਕੂਲ ਦੇ ਚੇਅਰਮੈਨ ਜਸਵੰਤ ਸਿੰਘ ਗੱਜਣਮਾਜਰਾ ਨੇ ਮੈਰਿਟ ਸੂਚੀ ਆਈਆਂ ਵਿਦਿਆਰਥਣਾਂ, ਪਾਸ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸ਼ਾਨਦਾਰ ਨਤੀਜਾ ਆਉਣ ਤੇ ਮੁਬਾਰਕਬਾਦ ਦਿੰਦਿਆ ਕਿਹਾ ਕਿ ਲਗਨ ਅਤੇ ਮਿਹਨਤ ਹੀ ਆਖਰ ਨੂੰ ਰੰਗ ਲਿਆਉਂਦੀ ਹੈ। ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਮਿਹਨਤ ਦਾ ਪੱਲ੍ਹਾ ਫੜ੍ਹਨਾ ਜ਼ਰੂਰੀ ਹੈ।